THE PUNJAB STATE BOARD OF TECHNICAL
EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਨੰ:ਪੀ.ਐਸ.ਬੀ./ਆਈ.ਟੀ./ 3574 ਮਿਤੀ:16-10-2015

ਸੇਵਾ ਵਿਖੇ

ਪ੍ਰਿੰਸੀਪਲ,
ਸਮੂਹ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ/ਇਸਤਰੀਆਂ ਲਈ,
ਪੰਜਾਬ ਰਾਜ ਅਧੀਨ।

**ਵਿਸ਼ਾ- ਪ੍ਰਾਈਵੇਟ ਉਮੀਦਵਾਰਾਂ ਦੀ ਜਨਵਰੀ 2016 ਵਿੱਚ ਆਈ.ਟੀ.ਆਈ. ਦੀ ਪ੍ਰੀਖਿਆ ਲੈਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਬੋਰਡ ਵਲੋਂ ਹਰ ਸਾਲ ਪੰਜਾਬ ਰਾਜ ਵਿੱਚ ਸਰਕਾਰੀ/ਅਰਧ-ਸਰਕਾਰੀ ਅਦਾਰੇ ਅਤੇ ਅਪ੍ਰੈਂਟਿਸਸ਼ਿਪ ਐਕਟ ਅਧੀਨ ਆਉਣ ਵਾਲੇ ਅਦਾਰਿਆਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦੀ ਆਈ. ਟੀ. ਆਈ. ਦੀ ਪ੍ਰੀਖਿਆ ਪ੍ਰਾਈਵੇਟ ਤੌਰ ਤੇ ਲਈ ਜਾਂਦੀ ਹੈ। ਇਸ ਤੋਂ ਇਲਾਵਾ ਜਿਹੜੇ ਸਿਖਿਆਰਥੀਆਂ ਨੇ ਪੰਜਾਬ ਰਾਜ ਅਧੀਨ ਐਸ.ਸੀ.ਵੀ.ਟੀ. ਅਧੀਨ ਆਈ.ਟੀ.ਆਈ. ਦੀ ਪ੍ਰੀਖਿਆ ਪਾਸ ਕੀਤੀ ਹੈ, ਉਹ ਸਿਖਿਆਰਥੀ ਵੀ ਪ੍ਰਾਈਵੇਟ ਸਿਖਿਆਰਥੀ ਦੇ ਤੌਰ ਤੇ ਐਨ.ਸੀ.ਵੀ.ਟੀ. ਦੀ ਪ੍ਰੀਖਿਆ ਵਿੱਚ ਅਪੀਅਰ ਹੋ ਸਕਦੇ ਹਨ। ਇਹ ਪ੍ਰੀਖਿਆ ਜਨਵਰੀ-2016 ਵਿੱਚ ਲਈ ਜਾਣੀ ਹੈ। ਬੋਰਡ ਵਲੋਂ ਪ੍ਰਾਈਵੇਟ ਤੌਰ ਤੇ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਉਮੀਦਵਾਰਾਂ ਦੀ ਦਰਖਾਸਤਾਂ ਲੈਣ ਲਈ ਇਸ਼ਤਿਹਾਰ ਮਿਤੀ:-16 ਅਕਤੂਬਰ 2015 ਨੂੰ ਅੰਗਰੇਜੀ ਦੇ ਅਖਬਾਰ **The Tribune** ਅਤੇ ਪੰਜਾਬੀ ਦੇ ਅਖਬਾਰ ਅਜੀਤ ਵਿੱਚ ਦਿੱਤੀ ਗਈ ਹੈ। (ਇਸ਼ਤਿਹਾਰ ਦੀ ਕਾਪੀ ਨਾਲ ਨੱਥੀ ਹੈ) ਪ੍ਰਾਈਵੇਟ ਉਮੀਦਵਾਰਾਂ ਦੀ ਦਰਖਾਸਤਾਂ ਲੈਣ ਸਬੰਧੀ Information Brochure ਬੋਰਡ ਦੀ ਵੈਬਸਾਈਟ ਤੇ ਦਿੱਤਾ ਗਿਆ ਹੈ।

DGE&T ਵੱਲੋਂ ਪ੍ਰੀਖਿਆ ਜਨਵਰੀ-2014 ਤੋਂ ਸਲਾਨਾ ਪ੍ਰੀਖਿਆ ਦੀ ਬਜਾਏ Semester System Scheme ਲਾਗੂ ਕਰ ਦਿੱਤੀ ਗਈ ਹੈ। ਡੀ.ਜੀ.ਈ.ਟੀ. ਦੇ ਪੱਤਰ ਨੰ:-ਡੀ.ਜੀ.ਈ.ਟੀ.-01/02/2013-ਸੀ.ਡੀ. ਮਿਤੀ:24-2-2014 ਅਨੁਸਾਰ ਜਿਹੜੇ ਸਿਖਿਆਰਥੀਆਂ ਨੇ ਕਰਾਫਟਸਮੈਨ ਸਕੀਮ ਅਧੀਨ ਐਸ.ਸੀ.ਵੀ.ਟੀ. ਦੀ ਪ੍ਰੀਖਿਆ ਉਦਯੋਗਿਕ ਸਿਖਲਾਈ ਸੰਸਥਾ ਤੋਂ ਟ੍ਰੇਨਿੰਗ ਲੈਣ ਉਪਰੰਤ ਪਾਸ ਕੀਤੀ ਹੈ, ਉਹ ਸਿਖਿਆਰਥੀ old ਪੈਟਰਨ ਦੀ ਪ੍ਰੀਖਿਆ (conventional) ਪ੍ਰਾਈਵੇਟ ਉਮੀਦਵਾਰ ਦੇ ਤੌਰ ਤੇ ਇੱਕ ਸਾਲਾਂ ਟਰੇਡ ਲਈ ਜਨਵਰੀ 2016 ਤੱਕ ਅਤੇ 2 ਸਾਲਾਂ ਟਰੇਡ ਲਈ ਜਨਵਰੀ 2017 ਤੱਕ ਆਈ.ਟੀ.ਆਈ ਦੀ ਪ੍ਰੀਖਿਆ ਦੇ ਸ਼ਕਦੇ ਹਨ।

ਪ੍ਰਾਈਵੇਟ ਉਮੀਦਵਾਰਾਂ ਦੀ ਦਰਖਾਸਤਾਂ ਆਪ ਜੀ ਵਲੋਂ ਜਾਂਚ-ਪੜਤਾਲ ਕਰਕੇ ਮਿਤੀ:-16-11-2015 ਤੱਕ ਬੋਰਡ ਦਫਤਰ ਵਿਖੇ ਜਮਾਂ ਕਰਵਾ ਦਿੱਤੀਆਂ ਜਾਣ। ਉਮੀਦਵਾਰਾਂ ਵਲੋਂ ਬੋਰਡ ਦਫਤਰ ਨੂੰ ਸਿੱਧੇ ਤੌਰ ਤੇ ਭੇਜੀਆਂ ਗਈਆਂ ਦਰਖਾਸਤਾਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ।

ਕੰਟਰੋਲਰ ਪ੍ਰੀਖਿਆਵਾਂ(ਆਈ ਟੀ ਆਈ)

ਨੱਥੀ:-ਵਿਗਿਆਪਨ ਦੀ ਕਾਪੀ

ਨੋਟ:- ਬੋਰਡ ਦਫਤਰ ਵਲੋਂ ਪ੍ਰਾਈਵੇਟ ਉਮੀਦਵਾਰਾਂ ਦੀ ਪ੍ਰਵਾਨਿਤ ਕੀਤੀ ਜਾਣ ਵਾਲੀ ਦਰਖਾਸਤਾਂ ਦੀ ਰਜਿਸਟਰੇਸ਼ਨ ਉਹਨਾਂ ਸੰਸਥਾਵਾਂ ਵਿੱਚ ਹੀ ਹੋਵੇਗੀ, ਜਿੱਥੇ ਕਿ ਡੀ.ਜੀ.ਈ.ਟੀ. ਨਵੀਂ ਦਿੱਲੀ ਨਾਲ ਟਰੇਡ ਐਫੀਲੇਟ ਹੋਵੇ।